# Visit of Secretary (CPV & OIA) to the Kingdom of Morocco (22-25 November 2022)

November 27, 2022

## ਸਕੱਤਰ (CPV ਅਤੇ OIA) ਵੱਲੋਂ ਮੋਰੋਕੋ ਦੀ ਫੇਰੀ (22-25 ਨਵੰਬਰ, 2022)

## 27 ਨਵੰਬਰ, 2022

1. ਸਕੱਤਰ (CPV ਅਤੇ OIA) ਡਾ. ਔਸਫ਼ ਸਈਦ ਨੇ 22-25 ਨਵੰਬਰ, 2022 ਤੱਕ ਮੋਰੋਕੋ ਦਾ ਅਧਿਕਾਰਤ ਦੌਰਾ ਕੀਤਾ|

2. ਇਸ ਫੇਰੀ ਦੌਰਾਨ ਸਕੱਤਰ (CPV&OIA) ਨੇ 22-23 ਨਵੰਬਰ, 2022 ਨੂੰ ਫੇਜ਼ ਹੋਏ ਸੰਯੁਕਤ ਰਾਸ਼ਟਰ ਸਭਿਅਤਾ ਗੱਠਜੋੜ (UNAOC) ਦੇ 9ਵੇਂ ਆਲਮੀ ਮੰਚ ਵਿਖੇ ਭਾਰਤ ਦੀ ਨੁਮਾਇੰਦਗੀ ਕੀਤੀ|

3. ਰਬਾਤ ਵਿੱਚ ਸਕੱਤਰ (CPV&OIA) ਨੇ ਮੋਰੋਕੋ ਦੀ ਊਰਜਾ ਪਰਿਵਰਤਨ ਅਤੇ ਟਿਕਾਊ ਵਿਕਾਸ ਮੰਤਰੀ ਮਹਾਮਹਿਮ ਸ੍ਰੀਮਤੀ ਲੀਲਾ ਬੇਨਾਲੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਦੋਵਾਂ ਦੇਸ਼ਾਂ ਵਿਚਕਾਰ.ਖਾਦਾਂ, ਨਵਿਆਉਣਯੋਗ ਊਰਜਾ, ਜਲਵਾਯੂ ਤਬਦੀਲੀ ਆਦਿ ਖੇਤਰਾਂ ਵਿੱਚ ਸਹਿਯੋਗ ਬਾਰੇ ਚਰਚਾ ਕੀਤੀ|

4. ਉਨ੍ਹਾਂ ਨੇ ਭਾਰਤ ਅਤੇ ਮੋਰੋਕੋ ਦੇ ਵਿਦੇਸ਼ ਦਫ਼ਤਰਾਂ ਦੇ ਸਲਾਹ-ਮਸ਼ਵਰੇ ਦੇ 5ਵੇਂ ਦੌਰ ਦੀ ਸਹਿ-ਪ੍ਰਧਾਨਗੀ ਵੀ ਕੀਤੀ ਜਿਸ ਦੌਰਾਨ ਵਿਆਪਕ ਤੌਰ 'ਤੇ ਆਪਸੀ ਹਿੱਤਾਂ ਦੇ ਦੁਵੱਲੇ, ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਚਰਚਾ ਕੀਤੀ ਗਈ| ਭਾਰਤ ਅਤੇ ਮੋਰੋਕੋ ਵਿਚਕਾਰ ਦੁਵੱਲਾ ਵਪਾਰ ਵਰਤਮਾਨ ਸਮੇਂ ਸਰਬਉੱਚ ਪੱਧਰ (2021-22 ਵਿੱਚ 3.2 ਅਰਬ ਅਮਰੀਕੀ ਡਾਲਰ) 'ਤੇ ਪਹੁੰਚ ਗਿਆ ਹੈ| ਮੋਰੋਕੋ ਅੰਦਰ ਵੱਖ-ਵੱਖ ਖੇਤਰਾਂ ਵਿੱਚ ਲਗਭਗ 40 ਭਾਰਤੀ ਕੰਪਨੀਆਂ ਕੰਮ ਕਰ ਰਹੀਆਂ ਹਨ| ਮੋਰੋਕੋ ਤੋਂ ਵੱਡੀ ਗਿਣਤੀ ਵਿੱਚ ਉਮੀਦਵਾਰ ITEC ਸਮੇਤ ਸਾਡੇ ਸਮਰੱਥਾ ਨਿਰਮਾਣ ਪ੍ਰੋਗਰਾਮਾਂ ਦਾ ਲਾਭ ਲੈ ਰਹੇ ਹਨ| ਦੋਵੇਂ ਧਿਰਾਂ ਆਰਥਿਕ ਸਬੰਧਾਂ ਦੇ ਪੱਧਰ ਨੂੰ ਵਧਾਉਣ ਅਤੇ ਲੋਕ ਪੱਧਰੀ ਵਟਾਂਦਰੇ ਉਤਸੁਕ ਹਨ|

5. ਸਕੱਤਰ (CPV&OIA) ਨੇ ਭਾਰਤੀ ਭਾਈਚਾਰੇ, ਭਾਰਤੀ ਵਪਾਰਕ ਆਗੂਆਂ ਅਤੇ ਮੋਰੋਕੋ ਤੋਂ ITEC ਦੇ ਸਾਬਕਾ ਵਿਦਿਆਰਥੀਆਂ ਨਾਲ ਵੀ ਗੱਲਬਾਤ ਕੀਤੀ| ਇਸ ਦੌਰੇ ਨੇ ਦੋਹਾਂ ਦੇਸ਼ਾਂ ਦਰਮਿਆਨ ਦੁਵੱਲੇ ਦੋਸਤਾਨਾ ਸਬੰਧਾਂ ਨੂੰ ਹੋਰ ਹੁਲਾਰਾ ਦਿੱਤਾ|

ਨਵੀਂ ਦਿੱਲੀ

27 ਨਵੰਬਰ, 20222

DISCLAIMER: This is an approximate translation. The original is available in English on MEA's website and may be referred to as the official press release.